# Operation Dost

February 08, 2023

## ਓਪਰੇਸ਼ਨ ਦੋਸਤ

## 8 ਫਰਵਰੀ, 2023

6 ਫਰਵਰੀ 2023 ਨੂੰ ਤੁਰਕੀ ਅਤੇ ਸੀਰੀਆ ਵਿੱਚ ਆਏ ਵੱਡੇ ਭੂਚਾਲ ਤੋਂ ਬਾਅਦ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੇ ਨਿਰਦੇਸ਼ ਦਿੱਤੇ ਸਨ।

ਇਸ ਫੈਸਲੇ ਦੀ ਪਾਲਣਾ ਕਰਦੇ ਹੋਏ ਖੋਜ ਅਤੇ ਬਚਾਅ (SAR) ਯਤਨਾਂ ਦੇ ਨਾਲ-ਨਾਲ ਡਾਕਟਰੀ ਸਹਾਇਤਾ ਦੇ ਤੌਰ 'ਤੇ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਆਪਰੇਸ਼ਨ ਦੋਸਤ ਦੀ ਸ਼ੁਰੂਆਤ ਕੀਤੀ ਗਈ। ਇਸ ਵਿੱਚ ਵੱਖ-ਵੱਖ ਏਜੰਸੀਆਂ ਦੇ ਤਾਲਮੇਲ ਨਾਲ ਪੂਰੀ ਸਰਕਾਰੀ ਕੋਸ਼ਿਸ਼ ਸ਼ਾਮਲ ਹੈ। ਇਸ ਤੇਜ਼ ਹੁੰਗਾਰੇ ਸਦਕਾ ਸਹਾਇਤਾ ਲਈ ਬੇਨਤੀ ਮਿਲਣ ਦੇ ਕੁਝ ਘੰਟਿਆਂ ਅੰਦਰ ਹੀ ਵਿਸ਼ੇਸ਼ SAR ਟੀਮ ਸਮੇਤ ਪਹਿਲੇ C-17 IAF ਜਹਾਜ਼ ਨੂੰ ਤੁਰਕੀ ਲਈ ਰਵਾਨਾ ਕੀਤਾ ਗਿਆ।

ਉਸ ਸਮੇਂ ਤੋਂ ਹੁਣ ਤੱਕ ਭਾਰਤ ਨੇ 5 C-17 IAF ਜਹਾਜ਼ਾਂ 'ਤੇ ਤੁਰਕੀ ਨੂੰ 250 ਤੋਂ ਵੱਧ ਕਰਮਚਾਰੀ, ਵਿਸ਼ੇਸ਼ ਉਪਕਰਣ ਅਤੇ 135 ਟਨ ਤੋਂ ਵੱਧ ਦੀ ਹੋਰ ਰਾਹਤ ਸਮੱਗਰੀ ਭੇਜੀ ਹੈ।

ਇਨ੍ਹਾਂ ਵਿੱਚ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਦੀਆਂ ਤਿੰਨ ਸਵੈ-ਨਿਰਭਰ ਟੀਮਾਂ ਸ਼ਾਮਲ ਹਨ, ਜਿਨ੍ਹਾਂ ਵਿੱਚ 150 ਤੋਂ ਵੱਧ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕਰਮਚਾਰੀ, ਕੁੱਤਿਆਂ ਦੇ ਦਸਤੇ, ਵਿਸ਼ੇਸ਼ ਉਪਕਰਣ, ਵਾਹਨ ਅਤੇ ਸਪਲਾਈ ਸ਼ਾਮਲ ਹਨ। ਇਸ ਸਾਜ਼ੋ-ਸਾਮਾਨ ਨਾਲ ਢਹਿ ਢੇਰੀ ਹੋ ਚੁੱਕੇ ਢਾਂਚਿਆਂ ਹੇਠਾਂ ਫਸੇ ਲੋਕਾਂ ਦਾ ਪਤਾ ਲਗਾਉਣ, ਉਨ੍ਹਾਂ ਤੱਕ ਪਹੁੰਚ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਵਿੱਚ ਮਦਦ ਮਿਲੇਗੀ।

ਇਸ ਤੋਂ ਛੁੱਟ ਭਾਰਤੀ ਫੌਜ ਦਾ 30 ਬਿਸਤਰਿਆਂ ਵਾਲਾ ਸਵੈ-ਨਿਰਭਰ ਫੀਲਡ ਹਸਪਤਾਲ ਸਥਾਪਤ ਕਰਨ ਲਈ ਕਰਮਚਾਰੀ ਅਤੇ ਉਪਕਰਣ ਭੇਜੇ ਗਏ ਹਨ। ਇਸ ਵਿੱਚ 99 ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਟੀਮ, ਜ਼ਰੂਰੀ ਦਵਾਈਆਂ, ਉੱਨਤ ਉਪਕਰਨ, ਵਾਹਨ ਅਤੇ ਐਂਬੂਲੈਂਸ ਸ਼ਾਮਲ ਹਨ। ਹਸਪਤਾਲ ਪੂਰੀ ਤਰ੍ਹਾਂ ਕਾਰਜਸ਼ੀਲ ਆਪ੍ਰੇਸ਼ਨ ਥੀਏਟਰ ਅਤੇ ਐਕਸਰੇ, ਵੈਂਟੀਲੇਟਰ ਆਦਿ ਵਰਗੀਆਂ ਸਹੂਲਤਾਂ ਵੀ ਸ਼ਾਮਲ ਹਨ।

ਤੁਰਕੀਏ ਵਿੱਚ ਸਾਡੀਆਂ ਟੀਮਾਂ ਦੀ ਤਾਇਨਾਤੀ ਬਾਰੇ ਸਾਡੇ ਦੂਤਾਵਾਸ ਦੁਆਰਾ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ, ਜਿਸ ਨੇ ਅਡਾਨਾ ਵਿਖੇ ਕੈਂਪ ਦਫ਼ਤਰ ਸਥਾਪਤ ਕੀਤਾ ਹੈ। NDRF ਟੀਮਾਂ ਗਾਜ਼ੀਅਨਟੇਪ ਵਿਖੇ ਬਚਾਅ ਕਾਰਜਾਂ ਵਿੱਚ ਮਦਦ ਦੇ ਰਹੀਆਂ ਹਨ ਅਤੇ ਨਾਲ ਹੀ ਡਾਕਟਰੀ ਟੀਮ ਇਸਕੇਂਡਰੁਨ ਵਿੱਚ ਫੀਲਡ ਹਸਪਤਾਲ ਸਥਾਪਿਤ ਕਰ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੀ ਟੀਮ, ਜਿਨ੍ਹਾਂ ਵਿੱਚੋਂ ਦੋ ਤੁਰਕੀ ਬੋਲਣ ਵਾਲੇ ਅਧਿਕਾਰੀ ਸ਼ਾਮਲ ਹਨ, ਨੂੰ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਸ਼ਾਮਲ ਟੀਮਾਂ ਦੀ ਸਹਾਇਤਾ ਲਈ ਤੁਰਕੀਏ ਵਿੱਚ ਤਾਇਨਾਤ ਕੀਤਾ ਗਿਆ ਹੈ।

ਸਾਡਾ ਦੂਤਾਵਾਸ ਪ੍ਰਭਾਵਿਤ ਖੇਤਰ ਵਿੱਚ ਭਾਰਤੀ ਨਾਗਰਿਕਾਂ, ਖਾਸ ਤੌਰ 'ਤੇ ਤੁਰਕੀ ਦੇ ਅਡਾਨਾ, ਗਾਜ਼ੀਅਨਟੇਪ, ਮਾਲਤਿਆ ਅਤੇ ਕਾਹਰਾਮਨਮਾਰਸ ਪ੍ਰਾਂਤਾਂ ਵਿੱਚ, ਦੀ ਖੈਰੀਅਤ ਦਾ ਵੀ ਪਤਾ ਲਗਾ ਰਿਹਾ ਹੈ, ਜੋ ਭੂਚਾਲ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਦੂਤਾਵਾਸ ਨੇ ਹੈਲਪ ਡੈਸਕ ਵੀ ਸਥਾਪਿਤ ਕੀਤਾ ਹੈ। ਹਾਲਾਂਕਿ ਸੜਕਾਂ ਦੀ ਸਥਿਤੀ, ਖਰਾਬ ਮੌਸਮ ਅਤੇ ਚੱਲ ਰਹੇ ਬਚਾਅ ਕਾਰਜਾਂ ਵਿੱਚ ਅੜਚਨ ਪਾਉਣ ਵਾਲੀਆਂ ਵੱਡੀਆਂ ਰੁਕਾਵਟਾਂ ਦੇ ਬਾਵਜੂਦ ਸਾਡੇ ਅਧਿਕਾਰੀ ਕਥਿਤ ਤੌਰ 'ਤੇ ਫਸੇ ਹੋਏ ਲਗਭਗ 10 ਭਾਰਤੀ ਨਾਗਰਿਕਾਂ ਤੱਕ ਪਹੁੰਚ ਰਹੇ ਹਨ। ਲਾਪਤਾ ਨਾਗਰਿਰਾਂ ਦੀ ਭਾਲ ਕਰਨ ਲਈ ਵੀ ਯਤਨ ਜਾਰੀ ਹਨ।

ਸੀਰੀਆ ਦੇ ਸਬੰਧ ਵਿੱਚ ਦਮਿਸ਼ਕ ਨੂੰ C130J IAF ਜਹਾਜ਼ ਰਾਹੀਂ 6 ਟਨ ਤੋਂ ਵੱਧ ਐਮਰਜੈਂਸੀ ਰਾਹਤ ਸਮੱਗਰੀ ਪਹੁੰਚਾਈ ਗਈ ਹੈ। ਇਸ ਖੇਪ ਵਿੱਚ ਐਮਰਜੈਂਸੀ ਵਰਤੋਂ ਲਈ ਦਵਾਈਆਂ, ਹਾਈਡਰੇਸ਼ਨ ਲਈ ਤਰਲ ਪਦਾਰਥ, ਸੁਰੱਖਿਆਤਮਕ ਗੀਅਰ, ਆਮ ਵਰਤੋਂ ਦੀਆਂ ਦਵਾਈਆਂ ਅਤੇ ਡਾਕਟਰੀ ਉਪਕਰਣ ਜਿਵੇਂ ਈਸੀਜੀ ਮਸ਼ੀਨ, ਮਾਨੀਟਰ ਆਦਿ ਸ਼ਾਮਲ ਹਨ। ਇਹ ਖੇਪ ਸ੍ਰੀ ਦਮਿਸ਼ਕ ਹਵਾਈ ਅੱਡੇ 'ਤੇ ਸੀਰੀਆ ਦੇ ਸਥਾਨਕ ਪ੍ਰਸ਼ਾਸਨ ਅਤੇ ਵਾਤਾਵਰਣ ਉਪ ਮੰਤਰੀ ਮਹਾਮਹਿਮ ਮੋਤਾਜ਼ ਦੂਆਜੀ ਨੂੰ ਸੌਂਪੀ ਗਈ।

ਭਾਰਤ ਇਸ ਵਿਨਾਸ਼ਕਾਰੀ ਭੂਚਾਲ ਤੋਂ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਪ੍ਰਤੀ ਵਚਨਬੱਧ ਹੈ। ਓਪਰੇਸ਼ਨ ਦੋਸਤ ਭਾਰਤ ਦਾ ਨਿਰੋਲ ਸੁਰੱਖਿਆ ਪ੍ਰਦਾਤਾ ਵਜੋਂ ਦਿੱਤਾ ਜਾਣ ਵਾਲਾ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ (HADR) ਓਪਰੇਸ਼ਨ ਹੈ, ਜੋ ਨਾ ਸਿਰਫ਼ ਗੁਆਂਢੀ ਖੇਤਰ ਵਿੱਚ, ਸਗੋਂ ਇਸ ਤੋਂ ਅੱਗੇ ਦੇ ਦੇਸ਼ਾਂ ਲਈ ਵੀ ਫੌਰਨ ਉਪਲਬਧ ਹੈ।

8 ਫਰਵਰੀ, 2023

ਨਵੀਂ ਦਿੱਲੀ

DISCLAIMER: This is an approximate translation. The original is available in English on MEA's website and may be referred to as the official press release.